| | ਜਮਾਤ : ਅੱਠਵੀਂ ਵਿਸ਼ਾ: ਪੰਜਾਬੀ (ਪਹਿਲੀ ਭਾਸ਼ਾ)<br>ਪ੍ਰਸ਼ਨ ਪੱਤਰ ਦੀ ਰੂਪ-ਰੇਖਾ ( 2022-23) | | ਕੁੱਲ ਅੰਕ |
|---|---|---|---|
| | **ਪ੍ਰਸ਼ਨ** 1 :ਪੇਪਰ ਹੱਲ ਦੌਰਾਨ ਸੁੰਦਰ ਲਿਖਾਈ ਦੇ ਪੰਜ ਅੰਕ ਦਿੱਤੇ ਜਾਣਗੇ। | 5 | 5 |
| ਭਾਗ-ੳ | **ਪ੍ਰਸ਼ਨ** 2 :-ਕਿਤਾਬ ਵਿੱਚੋਂ ਇੱਕ ਪੈਰਾ ਦੇ ਕੇ ਉਸ ਵਿੱਚੋਂ 5 ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ ਕੁੱਲ 5 ਅੰਕ ਹੋਣਗੇ। | 5× 1 | 5 |
| | **ਪ੍ਰਸ਼ਨ** 3 :- ਕਿਤਾਬ ਵਿੱਚੋਂ ਇੱਕ ਪੈਰਾ ਦੇ ਕੇ ਉਸ ਵਿੱਚੋਂ 5 ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ ਕੁੱਲ 5 ਅੰਕ ਹੋਣਗੇ। | 5× 1 | 5 |
| | **ਪ੍ਰਸ਼ਨ 4 : 4, 5,6 ਅਤੇ 7** ਵਿਆਕਰਨ ਨਾਲ ਸਬੰਧਤ ਪ੍ਰਸ਼ਨ ਪੈਰਿਆਂ ਵਿੱਚੋਂ ਪੁੱਛੇ ਜਾਣਗੇ । ਇਹ ਵਸਤੂਨਿਸ਼ਠ/ਬਹੁਵਿਕਲਪੀ ਪ੍ਰਸ਼ਨ ਹੋਣਗੇ।ਇਹਨਾਂ ਪ੍ਰਸ਼ਨਾਂ ਦੇ ਕੁੱਲ ਅੰਕ 20 ਹੋਣਗੇ। | 20 × 1 | 20 |
| | **ਪ੍ਰਸ਼ਨ** 8:- ਕਵਿਤਾਵਾਂ ਵਿੱਚੋਂ 2 ਪੈਰੇ ਦੇ ਕੇ ਕਿਸੇ ਇੱਕ ਪੈਰੇ ਦਾ ਭਾਵ ਸਪਸ਼ਟ ਕਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ ਕੁੱਲ 4 ਅੰਕ ਹੋਣਗੇ। | 1×4 | 4 |
| | **ਪ੍ਰਸ਼ਨ** 9 :- ਪਾਠ-ਪੁਸਤਕ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ 7 ਪ੍ਰਸ਼ਨ ਦੇ ਕੇ ਕਿਸੇ 5 ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। | 5×2 | 10 |
| | **ਪ੍ਰਸ਼ਨ 10:-** ਕੋਈ 8 ਮੁਹਾਵਰਿਆਂ/ਸ਼ਬਦਾਂ ਵਿੱਚੋਂ ਕਿਸੇ 5 ਮੁਹਾਵਰਿਆਂ/ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਕਰਨ ਲਈ ਕਿਹਾ ਜਾਵੇਗਾ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। | 5×2 | 10 |
| ਭਾਗ-ਅ | **ਪ੍ਰਸ਼ਨ** 11:- ਵਾਕ ਵਿਚੋਂ ਨਾਂਵ/ਪੜਨਾਂਵ/ਕਿਰਿਆ/ਵਿਸ਼ੇਸ਼ਣ ਦੀ ਪਛਾਣ ਕਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 2 ਅੰਕ ਹੋਣਗੇ। | 1×2 | 2 |
| | **ਪ੍ਰਸ਼ਨ 12:-** ਕੋਈ 5 ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ ਉੱਤੇ ਲੇਖ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 10 ਅੰਕ ਹੋਣਗੇ। | 1×10 | 10 |
| | **ਪ੍ਰਸ਼ਨ** 13:- ਕੋਈ 2 ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ ਉੱਤੇ ਪੱਤਰ/ਬਿਨੈ-ਪੱਤਰ ਲਿਖਣ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 8 ਅੰਕ ਹੋਣਗੇ। | 1×8 | 8 |
| | **ਪ੍ਰਸ਼ਨ** 14:- ਇਹ ਪ੍ਰਸ਼ਨ ਕਿਰਿਆ ਆਧਾਰਿਤ ਹੋਵੇਗਾ। ਡੱਬਿਆਂ ਵਿੱਚ ਦਿੱਤੇ ਸ਼ਬਦਾਂ ਵਿੱਚੋਂ ਕੋਈ 8 ਸਾਰਥਕ ਸ਼ਬਦ ਪਛਾਣਨ ਲਈ ਕਿਹਾ ਜਾਵੇਗਾ। ਹਰੇਕ ਸ਼ਬਦ ਲਈ 1 ਅੰਕ ਹੋਵੇਗਾ। | 8×1 | 8 |
| | **ਪ੍ਰਸ਼ਨ** 15:- ਨਾਂਵ/ਪੜਨਾਂਵ/ਕਿਰਿਆ/ਵਿਸ਼ੇਸ਼ਣ ਵਿੱਚੋਂ ਕਿਸੇ 2 ਵਿੱਚੋਂ 1 ਦੀ ਪਰਿਭਾਸ਼ਾ ਦੇਣ ਲਈ ਕਿਹਾ ਜਾਵੇਗਾ ਜਾਂ ਵਿਆਕਰਨ ਵਿੱਚੋਂ ਕੋਈ ਹੋਰ ਪ੍ਰਸ਼ਨ ਹੱਲ ਕਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ 3 ਅੰਕ ਹੋਣਗੇ। | 1×3 | 3 |
| | ਕੁੱਲ ਅੰਕ | | 90 |